# ਨਵਾਂ! ਕੈਲੀਫੋਰਨਿਆ ਕਾਰ ਸੀਟ ਕਾਨੂੰਨ ਬਦਲ ਗਿਆ ਹੈ

## ਜਨਵਰੀ 1, 2017 ਤੋਂ ਪ੍ਰਭਾਵੀ



## ਨਵਾਂ ਵਾਧਾ

**1 ਜਨਵਰੀ 2017 ਤੋਂ, ਜੇ 2 ਸਾਲ ਤੋਂ ਛੋਟੇ ਬੱਚੇ ਦਾ ਭਾਰ 40 ਪੌਂਡ ਜਾਂ ਵੱਧ ਜਾਂ ਕੱਦ 40 ਇੰਚ ਜਾਂ ਵੱਧ ਨਹੀਂ ਹੈ, ਤਾਂ ਉਸ ਦਾ ਮੂੰਹ ਪਿੱਛੇ ਵਲ ਹੋਣਾ ਲਾਜ਼ਮੀ ਹੈ।**

2 ਸਾਲ ਦੀ ਉਮਰ ਤਕ ਬੱਚਿਆਂ ਨੂੰ ਕਾਰ ਸੀਟ ਵਿਚ ਸਹੀ ਢੰਗ ਨਾਲ ਬੈਲਟ ਬੰਨ੍ਹਣੀ ਜ਼ਰੂਰੀ ਹੈ ਅਤੇ ਕਾਰ ਸੀਟ ਦਾ ਮੂੰਹ ਪਿੱਛੇ ਵਲ ਹੋਣਾ ਚਾਹੀਦਾ ਹੈ।

## ਵਰਤਮਾਨ ਕਾਨੂੰਨ

8 ਸਾਲ ਤੋਂ ਛੋਟੇ ਬੱਚਿਆਂ ਨੂੰ ਪਿਛਲੀ ਸੀਟ ਤੇ ਕਾਰ ਸੀਟ ਜਾਂ ਬੂਸਟਰ ਵਿਚ ਬਕਲ ਕਰਨਾ ਲਾਜ਼ਮੀ ਹੈ।

8 ਸਾਲ ਜਾਂ ਉਸ ਤੋਂ ਵੱਡੀ ਉਮਰ ਦੇ, ਜਾਂ 4'9" ਜਾਂ ਉਸ ਤੋਂ ਵੱਧ ਲੰਮੇ ਬੱਚੇ ਗੱਡੀ ਦੀ ਸੀਟ ਬੈਲਟ ਦੀ ਵਰਤੋਂ ਕਰ ਸਕਦੇ ਹਨ ਬਸ਼ਰਤੇ ਕਿ ਉਹ ਠੀਕ ਤਰ੍ਹਾਂ ਫਿੱਟ ਬੈਠਦੀ ਹੋਵੇ, ਅਤੇ ਲੈਪ ਬੈਲਟ ਹੇਠਾਂ ਕੂਲ੍ਹੇ ਦੇ ਉੱਪਰ, ਪੱਟਾਂ ਦੇ ਉੱਪਰ ਵਾਲੇ ਹਿੱਸੇ ਨੂੰ ਛੋਹਦੀਂ ਹੋਈ ਜਾਏ, ਅਤੇ ਮੋਢੇ ਵਾਲੀ ਬੈਲਟ ਛਾਤੀ ਦੇ ਮੱਧ ਵਿਚੋਂ ਲੰਘੇ। ਜੇ ਬੱਚਿਆਂ ਦਾ ਕੱਦ ਬੈਲਟ ਦੀ ਫਿਟਿੰਗ ਲਈ ਕਾਫ਼ੀ ਨਹੀਂ ਹੈ ਤਾਂ ਉਹਨਾਂ ਲਈ ਬੂਸਟਰ ਜਾਂ ਕਾਰ ਸੀਟ ਵਿਚ ਸਫਰ ਕਰਨਾ ਲਾਜ਼ਮੀ ਹੈ।

ਕਾਰ ਵਿਚ ਬੈਠੇ ਸਭ ਲੋਕਾਂ ਲਈ ਸਹੀ ਢੰਗ ਨਾਲ ਬੈਲਟ ਬੰਨ੍ਹਣੀ ਲਾਜ਼ਮੀ ਹੈ।

### ਜ਼ਿਆਦਾਤਰ ਬੱਚਿਆਂ ਲਈ 1 ਸਾਲ ਦੀ ਉਮਰ ਤੋਂ ਪਹਿਲਾਂ ਹੀ ਉਹ ਨਵਜਾਤ ਬੱਚੇ ਵਾਲੀ ਸੀਟ ਤੋਂ ਵੱਡੇ ਹੋ ਜਾਣਗੇ

- ਅਗਲਾ ਕਦਮ ਬਦਲਣਯੋਗ ਕਾਰ ਸੀਟ ਹੈ।
- ਅੱਗੇ ਵਲ ਮੂੰਹ ਰੱਖਣ ਦੇ ਮੁਕਾਬਲੇ ਪਿਛੇ ਵੱਲ ਮੂੰਹ ਰੱਖਣਾ 5 ਗੁਣਾ ਜ਼ਿਆਦਾ ਸੁਰੱਖਿਅਤ ਹੈ।
- ਅਮਰੀਕੀ ਬਾਲ ਰੋਗ ਅਕਾਦਮੀ ਸਿਫਾਰਸ਼ ਕਰਦੀ ਹੈ ਕਿ ਕਾਰ ਸੀਟ ਨਿਰਮਾਤਾ ਦੁਆਰਾ ਮਨਜ਼ੂਰ ਵੱਧ ਤੋਂ ਵੱਧ ਵਜ਼ਨ ਜਾਂ ਕੱਦ ਤਕ ਵਾਲੇ ਬੱਚਿਆਂ ਨੂੰ ਕਾਰ ਦੇ ਵਿਚ ਪਿੱਛੇ ਵਲ ਮੂੰਹ ਕਰਕੇ ਸਵਾਰੀ ਕਰਨੀ ਚਾਹੀਦੀ ਹੈ।

## ਕੈਟਲਿਨ ਦਾ ਕਾਨੂੰਨ

6 ਸਾਲ ਜਾਂ ਘੱਟ ਉਮਰ ਬੱਚੇ ਨੂੰ ਘੱਟ ਤੋਂ ਘੱਟ 12 ਸਾਲ ਵਾਲੇ ਵਿਅਕਤੀ ਦੀ ਨਿਗਰਾਨੀ ਤੋਂ ਬਿਨਾਂ ਇਕੱਲਿਆਂ ਕਾਰ ਵਿਚ ਛੱਡਣਾ ਕੈਲੀਫੋਰਨਿਆ ਕਾਨੂੰਨ ਦੇ ਖਿਲਾਫ਼ ਹੈ ਜੇ :

1. ਚਾਬੀ ਇਗਨੀਸ਼ਨ ਵਿਚ ਲਗੀ ਹੈ ਜਾਂ ਕਾਰ ਚਾਲੂ ਹੈ, ਜਾਂ
2. ਬੱਚੇ ਨੂੰ ਵੱਡਾ ਜੋਖਮ ਹੈ।

## ਜੁਰਮਾਨੇ ਅਤੇ ਦੰਡ

16 ਸਾਲ ਤੋਂ ਛੋਟੇ ਹਰ ਅਜਿਹੇ ਬੱਚੇ ਲਈ, ਜਿਸ ਨੂੰ ਸਹੀ ਤਰ੍ਹਾਂ ਨਾਲ ਬੰਨ੍ਹਿਆ ਨਹੀਂ ਗਿਆ ਹੈ, ਉਸ ਦੇ ਮਾਤਾ/ਪਿਤਾ (ਜੇ ਉਹ ਕਾਰ ਵਿਚ ਹਨ) ਜਾਂ ਡ੍ਰਾਈਵਰ ਉੱਪਰ **$500** ਤੋਂ ਵੱਧ ਦਾ ਜੁਰਮਾਨਾ ਹੋ ਸਕਦਾ ਹੈ ਅਤੇ ਡ੍ਰਾਈਵਿੰਗ ਰਿਕਾਰਡ ਤੇ ਪੁਆਇੰਟ ਮਿਲ ਸਕਦਾ ਹੈ।

## ਆਪਣੇ ਬੱਚਿਆਂ ਨੂੰ ਸੁਰੱਖਿਅਤ ਰੱਖੋ। ਇਹ ਕਾਨੂੰਨ ਹੈ!

CALIFORNIA OFFICE OF TRAFFIC SAFETY · California Department of PublicHealth · CHP · SAFE KIDS CALIFORNIA · AAA We're always with you.

ਬੱਚੇ ਲਈ ਸੁਰੱਖਿਅਤ ਸੀਟ ਬਾਰੇ ਆਪਣੇ ਪ੍ਰਸ਼ਨਾਂ ਦੇ ਉੱਤਰਾਂ ਲਈ ਆਪਣੇ ਸਥਾਨਕ ਸਿਹਤ ਵਿਭਾਗ ਨਾਲ ਸੰਪਰਕ ਕਰੋ ਜਾਂ cdph.ca.gov/vosp'ਤੇ ਵਿਜਿਟ ਕਰੋ।